ਨਗਰ ਅਤੇ ਗਰਾਮ ਯੋਜਨਾਬੰਦੀ ਵਿਭਾਗ, ਪੰਜਾਬ।

ਵੱਲੋਂ,

ਜਿਲਾ ਨਗਰ ਯੋਜਨਾਕਾਰ,
ਸੰਗਰੂਰ।

ਸੇਵਾ ਵਿਖੇ,

ਜਿਲਾ ਮੈਜਿਸਟਰੇਟ,
ਸੰਗਰੂਰ।

ਯਾਦ ਪੱਤਰ ਨੰ: 2831 -ਡੀਟੀਪੀ(ਸ)/ 8856
ਮਿਤੀ: 5/12/14

ਵਿਸ਼ਾ:- **No Objection Certificate for retail outlet at village Ferozpur Tehsil Malerkotla, Distt. Sangrur by IOC Ltd. Company .**

ਹਵਾਲਾ:- ਆਪ ਜੀ ਦਾ ਪੱਤਰ ਨੰ:7626 /ਐਲ.ਪੀ.ਏ. ਮਿਤੀ 26.11.2014

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਰਾਹੀਂ ਪ੍ਰਾਪਤ ਕੇਸ ਨੂੰ ਇਸ ਦਫਤਰ ਵਿੱਚ ਵਾਚਿਆ ਗਿਆ। ਪ੍ਰਾਰਥੀ ਕੰਪਨੀ ਵੱਲੋਂ ਰੀਟੇਲ ਆਊਟ ਲੈਟ ਮਲੇਰਕੋਟਲਾ-ਬਰਨਾਲਾ ਸੜਕ ਉਪਰ ਰੈਵੀਨਿਊ ਅਸਟੇਟ ਫਿਰੋਜਪੁਰ ਵਿਖੇ 30 ਮੀਟਰ X 35 ਮੀਟਰ ਰਕਬੇ ਵਿੱਚ ਸਥਾਪਤ ਕੀਤਾ ਜਾਣਾ ਹੈ। ਇਸ ਪੈਟਰੋਲ ਪੰਪ ਨੂੰ ਸਥਾਪਤ ਕਰਨ ਹਿੱਤ ਐਨ.ਓ.ਸੀ.ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕਰਨ ਦੀ ਸਿਫਾਰਸ਼ ਕੀਤੀ ਜਾਂਦੀ ਹੈ:-

1) ਪ੍ਰਾਰਥੀ ਕੰਪਨੀ ਦੇ ਮਲਕੀਅਤੀ/ਰੈਵੀਨਿਊ ਦਸਤਾਵੇਜਾਂ ਦੀ ਪੁਸ਼ਟੀ ਆਪ ਜੀ ਵੱਲੋਂ ਆਪਣੀ ਪੱਧਰ ਤੇ ਕਰਵਾਉਣੀ ਯੋਗ ਹੋਵੇਗੀ।

2) ਸਾਈਟ ਤੇ ਫਾਇਰ ਸੇਫ਼ਟੀ, ਪੈਟਰੋਲੀਅਮ ਐਕਟ ਅਧੀਨ ਸੁਰੱਖਿਆ ਦੀ ਜੁੰਮੇਵਾਰੀ ਸਬੰਧਤ ਕੰਪਨੀ ਦੀ ਆਪਣੀ ਹੋਵੇਗੀ।

3) ਸਰਕਾਰ ਦੇ ਪੱਤਰ ਨੰ: 17/40/2013-1ਮਓ2/3258 ਮਿਤੀ 04.09.2013 ਅਨੁਸਾਰ ਆਈ.ਆਰ.ਸੀ. ਅਨੁਸਾਰ ਬਣਦੀ ਰਿਪੋਰਟ ਲੋਕ ਨਿਰਮਾਣ ਵਿਭਾਗ ਵੱਲੋਂ ਕੀਤੀ ਜਾਵੇਗੀ।

4) ਸਰਕਾਰ ਦੇ ਪੱਤਰ ਨੰ:17/17/1/5 ਐਚਜੀ-2/343-48 ਮਿਤੀ 11.01.2008 ਰਾਹੀਂ ਜਾਰੀ ਹਦਾਇਤਾਂ ਅਨੁਸਾਰ ਬਣਦੀ ਫੀਸ (ਬਿਲਡਿੰਗ ਫੀਸ, ਸੀ.ਐਲ.ਯੂ, ਈ.ਡੀ.ਸੀ, ਪਰਮੀਸ਼ਨ ਫੀਸ, ਐਸ.ਆਈ.ਐਫ. ਅਤੇ ਸੈੱਸ) ਫਾਈਨਲ ਐਨ.ਓ.ਸੀ.ਜਾਰੀ ਕਰਨ ਤੋਂ ਪਹਿਲਾਂ ਪ੍ਰਾਰਥੀ ਨੂੰ ਇਸ ਦਫ਼ਤਰ ਵਿਚ ਜਮ੍ਹਾਂ ਕਰਵਾਉਣ ਦੀ ਹਦਾਇਤ ਕੀਤੀ ਜਾਵੇ। ਇਸ ਉਪਰੰਤ ਹੀ ਫਾਈਨਲ ਐਨ.ਓ.ਸੀ.ਜਾਰੀ ਕੀਤਾ ਜਾਵੇ ਜੀ।

ਜਿਲ੍ਹਾ ਨਗਰ ਯੋਜਨਾਕਾਰ,
ਸੰਗਰੂਰ।